**ਪੰਜਾਬ ਸਰਕਾਰ**
**ਲੋਕ ਨਿਰਮਾਣ ਵਿਭਾਗ**
**(ਇਮਾਰਤਾਂ ਤੇ ਸੜਕਾਂ -1 ਸ਼ਾਖਾ)**

**ਵਿਸ਼ਾ:- ਮੁੱਖ ਇੰਜੀਨੀਅਰਾਂ (ਸਿਵਲ) ਦੀਆਂ ਅਸਾਮੀਆਂ ਬਾਰੇ ਲਿੰਕ ਅਫਸਰ ਲਗਾਉਣ ਸਬੰਧੀ।**

*****

ਲੋਕ ਨਿਰਮਾਣ ਵਿਭਾਗ (ਭ ਤੇ ਮ) ਦੇ ਕੰਮਾਂ ਨੂੰ ਸੁਚਾਰੂ ਢੰਗ ਨਾਲ ਚਲਾਉਣ ਲਈ ਅਧਿਕਾਰੀਆਂ ਦੀ ਕਿਸੇ ਵੀ ਕਾਰਣ ਗੈਰ ਮੋਜੂਦਗੀ (ਜਿਵੇਂ ਕਿ ਕਮਾਈ ਛੁੱਟੀ, ਅਚਨਚੇਤ ਛੁੱਟੀ, Ex-India ਛੁੱਟੀ, ਮੈਡੀਕਲ ਛੁੱਟੀ, ਟ੍ਰੇਨਿੰਗ ਪ੍ਰੋਗਰਾਮ, ਟੂਰ ਪ੍ਰੋਗਰਾਮ, ਮੁਅੱਤਲੀ ਆਦਿ) ਦੌਰਾਨ ਵਿਭਾਗੀ ਕੰਮਾਂ ਨੂੰ ਨਿਪਟਾਉਣ ਲਈ ਮੁੱਖ ਇੰਜੀਨੀਅਰ (ਸਿਵਲ) ਕਾਡਰ ਲਈ ਹੇਠ ਅਨੁਸਾਰ ਲਿੰਕ ਅਫਸਰ ਲਗਾਏ ਜਾਂਦੇ ਹਨ:-

| Sr. No. | Name of the Post | Link Officer |
|---|---|---|
| 1 | CE (West) | CE (North) |
| 2 | CE (North) | CE (West) |
| 3 | CE(Central) | CE (NH) |
| 4 | CE (NH) | CE (Central) |
| 5 | CE (South) | CE (PRBDB) |
| 6 | CE (PRBDB) | CE (South) |
| 7 | CE (QA-cum-CVO) | TA to MD/PIDB |
| 8 | TA to MD/PIDB (On Deputation) | CE (QA-cum-CVO) |

2. ਮੁੱਖ ਇੰਜੀਨਅਰਾਂ (ਸਿਵਲ) ਦੇ ਲਿੰਕ ਅਫਸਰਾਂ ਹੇਠ ਦਰਸਾਈਆਂ ਸ਼ਰਤਾਂ ਨਿਰਧਾਰਤ ਕੀਤੀਆਂ ਗਈਆਂ ਹਨ:-

I. ਦਫਤਰੀ ਕੰਮਾਂ ਨੂੰ ਨਿਪਟਾਉਣ ਲਈ ਇਹ ਇੱਕ Established ਸਿਸਟਮ ਹੋਵੇਗਾ।
II. ਕਿਸੇ ਅਧਿਕਾਰੀ ਦੀ ਗੈਰ-ਮੌਜੂਦਗੀ ਵਿਚ ਉਸ ਦਾ ਕੰਮ ਕਿਸ ਅਧਿਕਾਰੀ ਵਲੋਂ ਦੇਖਿਆ ਜਾਣਾ ਹੈ, ਬਾਰੇ ਸਬੰਧਤ ਅਧਿਕਾਰੀਆਂ ਨੂੰ ਮੁਕੰਮਲ ਜਾਣਕਾਰੀ ਹੋਣੀ ਜਰੂਰੀ ਹੈ।
III. ਲਿੰਕ ਅਫਸਰਾਂ ਦਾ ਇਹ ਸਿਸਟਮ ਕਿਸੇ ਵੀ ਅਧਿਕਾਰੀ ਦੀ ਵੱਧ ਤੋਂ ਵੱਧ 30 ਦਿਨਾਂ ਦੀ ਗੈਰ-ਹਾਜ਼ਰੀ/ਛੁੱਟੀ ਆਦਿ ਲਈ ਲਾਗੂ ਹੋਵੇਗਾ ਅਤੇ ਜੇਕਰ ਛੁੱਟੀ ਆਦਿ 30 ਦਿਨ ਤੋਂ ਉੱਪਰ ਹੈ ਤਾਂ ਸਬੰਧਤ ਅਧਿਕਾਰੀ ਵਲੋਂ ਇਸ ਸਬੰਧੀ ਤਜਵੀਜ਼ ਸਰਕਾਰ ਨੂੰ ਭੇਜੀ ਜਾਵੇਗੀ।
IV. ਕਿਸੇ ਅਫਸਰ ਦੀ 30 ਦਿਨਾਂ ਦੀ ਗੈਰ-ਮੌਜੂਦਗੀ/ ਛੁੱਟੀ ਦੀ ਸੂਰਤ ਵਿਚ ਸਬੰਧਤ ਲਿੰਕ ਅਫਸਰ ਵਲੋਂ ਕੰਮ-ਕਾਜ਼ ਸੰਭਾਲਿਆ ਜਾਵੇਗਾ।
V. ਅਧਿਕਾਰੀਆਂ ਵਲੋਂ ਛੁੱਟੀ ਅਪਲਾਈ ਕਰਨ ਵੇਲੇ ਆਪਣੇ ਲਿੰਕ ਅਫਸਰ ਨੂੰ ਵੀ ਸੂਚਿਤ ਕਰਨਾ ਜ਼ਰੂਰੀ ਹੋਵੇਗਾ ਤਾਂ ਜੋ ਅਧਿਕਾਰੀ ਦੀ ਛੁੱਟੀ ਦੌਰਾਨ ਚਾਰਜ ਸੰਭਾਲ ਸਕੇ।

3. ਇਹ ਹੁਕਮ ਸਮਰੱਥ ਅਥਾਰਟੀ ਦੀ ਪ੍ਰਵਾਨਗੀ ਉਪਰੰਤ ਜਾਰੀ ਕੀਤੇ ਜਾਂਦੇ ਹਨ।

**ਮਿਤੀ, ਚੰਡੀਗੜ੍ਹ:**

**ਰਵੀ ਭਗਤ, ਆਈ.ਏ.ਐਸ**
**ਸਕੱਤਰ, ਪੰਜਾਬ ਸਰਕਾਰ**
**ਲੋਕ ਨਿਰਮਾਣ ਵਿਭਾਗ (ਭ ਤੇ ਮ)।**

**ਪਿ.ਅੰ.ਨੰ: PWD-BR102/69/2025-1BR1/** 1132807/1-3 **ਮਿਤੀ, ਚੰਡੀਗੜ੍ਹ:** 23/06/2025

ਉਤਾਰਾ ਹੇਠ ਲਿਖਿਆਂ ਨੂੰ ਸੂਚਨਾ/ ਅਗਲੇਰੀ ਕਾਰਵਾਈ ਹਿਤ ਭੇਜਿਆ ਜਾਂਦਾ ਹੈ:-

1. ਮੁੱਖ ਇੰਜੀਨੀਅਰ (ਹੈ.ਕੁ.), ਲੋਕ ਨਿਰਮਾਣ ਵਿਭਾਗ (ਭ ਤੇ ਮ), ਪਟਿਆਲਾ;
2. ਸਮੂਹ ਮੁੱਖ ਇੰਜੀਨੀਅਰ, ਲੋਕ ਨਿਰਮਾਣ ਵਿਭਾਗ (ਭ ਤੇ ਮ), ਪਟਿਆਲਾ;
3. ਡਿਪਟੀ ਡਾਇਰੈਕਟਰ, ਪੀ.ਰੀ.ਬੀ.ਡੀ.ਬੀ. ਮੋਹਾਲੀ।

**(ਰਮਨ ਕੁਮਾਰ ਕੋਛੜ)**
**ਸੁਪਰਡੰਟ**

**ਅੰਦਰੂਨੀ ਵੰਡ:**
ਨਿੱਜੀ ਸਕੱਤਰ/ ਲੋਕ ਨਿਰਮਾਣ ਮੰਤਰੀ
ਨਿੱਜੀ ਸਕੱਤਰ/ ਸਕੱਤਰ, ਲੋਕ ਨਿਰਮਾਣ
ਨਿੱਜੀ ਸਹਾਇਕ/ ਵਿਸ਼ੇਸ਼ ਸਕੱਤਰ, ਲੋਕ ਨਿਰਮਾਣ
ਨਿੱਜੀ ਸਹਾਇਕ/ ਸੰਯੁਕਤ ਸਕੱਤਰ, ਲੋਕ ਨਿਰਮਾਣ
ਸ.ਸ.ਸ./ ਅਧੀਨ ਸਕੱਤਰ, ਲੋਕ ਨਿਰਮਾਣ
ਸਟੈਨੋ/ ਸੁਪਰਡੰਟ, ਇਮਾਰਤਾਂ ਤੇ ਸੜਕਾਂ-1, 3 ਸ਼ਾਖਾਵਾਂ